## ਭੋਪਾਲ ਹੱਤਿਆ ਕਾਂਡ

# ਕਟਹਿਰੇ 'ਚ ਹੈ ਪੂਰਾ ਪੂੰਜੀਵਾਦੀ ਢਾਂਚਾ

## ਭੋਪਾਲ 'ਤੇ ਅਦਾਲਤੀ ਫੈਸਲੇ ਨੇ ਆਦਮਖੋਰ, ਮੁਨਾਫ਼ਾਖੋਰ ਢਾਂਚੇ, ਪੂੰਜੀਵਾਦੀ ਸਿਆਸਤ ਅਤੇ ਪੂੰਜੀਵਾਦੀ ਨਿਆਂ ਨੂੰ ਨੰਗਾ ਕਰ ਦਿੱਤਾ ਹੈ

ਭੋਪਾਲ ਗੈਸ ਦੁਰਘਟਨਾ 'ਤੇ ਪਿਛਲੀ 7 ਜੂਨ ਨੂੰ ਆਏ ਅਦਾਲਤ ਦੇ ਫੈਸਲੇ ਨੇ ਪੂੰਜੀਵਾਦੀ ਨਿਆਂ ਦੀ ਪੋਲ ਤਾਂ ਖੋਲ੍ਹੀ ਹੀ ਹੈ, ਇਸ ਮਗਰੋਂ ਮੀਡੀਆ ਜ਼ਰੀਏ ਸ਼ੁਰੂ ਹੋਏ ਭਾਂਡਾਂ ਭੰਨਣ ਅਤੇ ਇੱਕ ਦੂਜੇ 'ਤੇ ਇਲਜ਼ਾਮ ਲਾਉਣ ਦੇ ਸਿਲਸਿਲੇ ਨੇ ਪੂਰੇ ਪੂੰਜੀਵਾਦੀ ਢਾਂਚੇ ਦੇ ਆਦਮਖੋਰ ਚਰਿੱਤਰ ਨੂੰ ਨੰਗਾ ਕਰਕੇ ਰੱਖ ਦਿੱਤਾ ਹੈ। ਘੱਟ ਤੋਂ ਘੱਟ 20,000 ਲੋਕਾਂ ਨੂੰ ਮੌਤ ਦੇ ਘਾਟ ਉਤਾਰਨ ਅਤੇ ਪੌਣੇ ਛੇ ਲੱਖ ਲੋਕਾਂ ਨੂੰ ਅਪਾਹਜ ਅਤੇ ਘਾਤਕ ਬਿਮਾਰੀਆਂ ਨਾਲ਼ ਗ੍ਰਸਤ ਬਣਾ ਦੇਣ ਵਾਲੀ ਇਸ ਭਿਆਨਕ ਦੁਰਘਟਨਾ ਲਈ ਜ਼ਿੰਮੇਵਾਰ ਯੂਨੀਅਨ ਕਾਰਬਾਈਡ ਦੇ 8 ਸਰਮਾਏਦਾਰਾਂ ਨੂੰ ਭੋਪਾਲ ਦੀ ਇੱਕ ਅਦਾਲਤ ਨੇ ਮਹਿਜ਼ ਦੋ-ਦੋ ਵਰ੍ਹੇ ਦੀ ਸਜ਼ਾ ਸੁਣਾ ਕੇ ਛੱਡ ਦਿੱਤਾ। ਇੰਨਾ ਹੀ ਨਹੀਂ, ਦੋ ਘੰਟਿਆਂ ਅੰਦਰ ਹੀ ਉਹਨਾਂ ਦੀ ਜ਼ਮਾਨਤ ਵੀ ਹੋ ਗਈ ਅਤੇ ਉਹ ਹੱਸਦੇ ਹੋਏ ਘਰ ਚਲੇ ਗਏ।

ਦਰਅਸਲ, ਇਨਸਾਫ਼ ਦੇ ਨਾਂ 'ਤੇ ਇਸ ਕੋਝੇ ਮਜ਼ਾਕ ਦੀ ਬੁਨਿਆਦ ਤਾਂ 14 ਸਾਲ ਪਹਿਲਾਂ ਹੀ ਰੱਖ ਦਿੱਤੀ ਗਈ ਸੀ ਜਦੋਂ 1996 'ਚ ਭਾਰਤ ਦੇ ਸਾਬਕਾ ਮੁੱਖ ਜੱਜ ਜਸਟਿਸ ਅਹਮਦੀ ਨੇ ਯੂਨੀਅਨ ਕਾਰਬਾਈਡ ਖ਼ਿਲਾਫ਼ ਇਲਜ਼ਾਮਾਂ ਨੂੰ ਬੇਹੱਦ ਹਲਕਾ ਬਣਾ ਦਿੱਤਾ ਸੀ। ਇਸ "ਸੇਵਾ" ਬਦਲੇ ਉਹਨਾਂ ਨੂੰ ਯੂਨੀਅਨ ਕਾਰਬਾਈਡ ਦੇ ਪੈਸੇ ਨਾਲ਼ ਭੋਪਾਲ ਗੈਸ ਪੀੜਤਾਂ ਦੇ ਨਾਂ 'ਤੇ ਬਣੇ ਟਰੱਸਟ ਦਾ ਆਜੀਵਨ ਅਹੁਦੇਦਾਰ ਬਣਾ ਕੇ ਸਨਮਾਨਿਤ ਕੀਤਾ ਗਿਆ। ਅੱਜ ਜਸਟਿਸ ਅਹਮਦੀ ਕੁਤਰਕ ਕਰ ਰਹੇ ਹਨ ਕਿ ਕਾਨੂੰਨੀ ਦਾਇਰੇ ਅੰਦਰ ਉਹਨਾਂ ਕੋਲ ਕੋਈ ਬਦਲ ਹੀ ਨਹੀਂ ਸੀ। ਉਹ ਭਾਰਤ ਦੇ ਮੁੱਖ ਜੱਜ ਸਨ, ਕੀ ਉਹਨਾਂ ਨੂੰ ਇੰਨੀ ਮੋਟੀ-ਜਿਹੀ ਗੱਲ ਸਮਝ ਨਹੀਂ ਆ ਰਹੀ ਸੀ ਕਿ ਦੁਨੀਆਂ ਦੀ ਸਭ ਤੋਂ ਵੱਡੀ ਸਨਅਤੀ ਦੁਰਘਟਨਾ ਦੇ ਦੋਸ਼ੀਆਂ 'ਤੇ ਮਾਮੂਲੀ ਮੋਟਰ ਦੁਰਘਟਨਾ 'ਤੇ ਲਾਗੂ ਹੋਣ ਵਾਲੇ ਕਾਨੂੰਨ ਤਹਿਤ ਮੁਕੱਦਮਾ ਦਰਜ ਕਰਨਾ ਕਾਨੂੰਨ ਦਾ ਹੀ ਮਜ਼ਾਕ ਹੈ? ਇਸ ਕਾਨੂੰਨ 'ਚ ਦੋ ਵਰ੍ਹੇ ਤੋਂ ਵੱਧ ਦੀ ਸਜ਼ਾ ਦਿੱਤੀ ਹੀ ਨਹੀਂ ਜਾ ਸਕਦੀ ਹੈ। ਜੇਕਰ ਉਹ ਚਾਹੁੰਦੇ ਤਾਂ ਦੇਸ਼ ਦੀ ਸੰਸਦ ਨੂੰ ਅਜਿਹੇ ਮਾਮਲਿਆਂ ਲਈ ਵਿਸ਼ੇਸ਼ ਕਾਨੂੰਨ ਬਣਾਉਣ ਦੀ ਸਲਾਹ ਦੇ ਸਕਦੇ ਸਨ। ਸਰਕਾਰ ਦੀ ਨੀਅਤ ਜੇਕਰ ਸਾਫ਼ ਹੁੰਦੀ ਤਾਂ ਉਹ 1984 ਮਗਰੋਂ ਹੀ ਜਲਦੀ ਤੋਂ ਜਲਦੀ ਵਿਸ਼ੇਸ਼ ਆਰਡੀਨੈਂਸ ਲਿਆ ਕੇ ਭੋਪਾਲ ਦੇ ਕਾਤਲਾਂ 'ਤੇ ਕਠੋਰ ਕਾਰਵਾਈ ਕਰ ਸਕਦੀ ਸੀ। ਉਲਟਾ, ਪੈਰ-ਪੈਰ 'ਤੇ ਮੁਕੱਦਮੇ ਨੂੰ ਕਮਜ਼ੋਰ ਕੀਤਾ ਜਾਂਦਾ ਰਿਹਾ। ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਕੰਮ ਕਰਨ ਵਾਲੀ ਸੀ. ਬੀ. ਆਈ. ਨੇ ਮੁਕੱਦਮੇ ਦੀ ਪੈਰਵੀ ਤੋਂ ਲੈ ਕੇ ਯੂਨੀਅਨ ਕਾਰਬਾਈਡ ਦੇ ਅਮਰੀਕੀ ਮੁਖੀ ਵਾਰੇਨ ਐਂਡਰਸਨ ਨੂੰ ਭਾਰਤ ਲਿਆਉਣ ਤੱਕ ਸਪੱਸ਼ਟ ਤੌਰ 'ਤੇ ਜਾਣ ਬੁੱਝ ਕੇ ਢਿੱਲ ਵਰਤੀ।

ਲੋਕਾਂ ਦੇ ਸੱਚੇ ਪ੍ਰਤੀਨਿਧੀਆਂ ਦੀ ਕੋਈ ਸਰਕਾਰ ਅਜਿਹਾ ਭੀਸ਼ਣ ਹੱਤਿਆ ਕਾਂਡ ਰਚਣ ਵਾਲੀ ਕੰਪਨੀ ਦੀ ਦੇਸ਼ 'ਚ ਸਾਰੀ ਸੰਪਤੀ ਨੂੰ ਫੌਰੀ ਤੌਰ 'ਤੇ ਜ਼ਬਤ ਕਰ ਲੈਂਦੀ। ਹੋਣਾ ਤਾਂ ਇਹ ਚਾਹੀਦਾ ਸੀ ਕਿ ਯੂਨੀਅਨ ਕਾਰਬਾਈਡ ਜੇਕਰ ਭਾਰੀ ਹਰਜ਼ਾਨਾ ਦੇਣ 'ਚ ਆਨਾ-ਕਾਨੀ ਕਰਦੀ ਤਾਂ ਉਸਦੀ ਸੰਪਤੀ ਨੂੰ ਵੇਚ ਕੇ ਇਹ ਧਨ ਉਗਰਾਹਿਆ ਜਾਂਦਾ ਅਤੇ ਗੈਸ ਪੀੜਤਾਂ ਨੂੰ ਮੁਆਵਜ਼ੇ, ਉਹਨਾਂ ਦੇ ਇਲਾਜ ਅਤੇ ਮੁੜ ਵਸੇਬੇ ਅਤੇ ਭੋਪਾਲ ਦੀ ਮਿੱਟੀ ਪਾਣੀ 'ਚ ਫੈਲੇ ਜ਼ਹਿਰ ਦੀ ਸਫ਼ਾਈ ਦਾ ਬੰਦੋਬਸਤ ਕੀਤਾ ਜਾਂਦਾ। ਪਰ ਇਹ ਤਾਂ ਦੂਰ ਦੀ ਗੱਲ ਹੈ, ਭਾਰਤ ਸਰਕਾਰ ਨੇ ਕਈ ਵਰ੍ਹਿਆਂ ਮਗਰੋਂ ਕੰਪਨੀ ਨਾਲ਼ ਇੱਕ ਸ਼ਰਮਨਾਕ ਸਮਝੌਤਾ ਕੀਤਾ ਜਿਸ ਤਹਿਤ ਉਸਨੇ ਸਿਰਫ਼ 47 ਕਰੋੜ ਡਾਲਰ ਦੇ ਕੇ ਭੋਪਾਲ ਪ੍ਰਤੀ ਆਪਣੀ ਜ਼ਿੰਮੇਦਾਰੀ ਤੋਂ ਪੱਲਾ ਝਾੜ ਲਿਆ। ਦੁਨੀਆਂ 'ਚ ਸ਼ਾਇਦ ਪਹਿਲੀ ਵਾਰੀ ਅਜਿਹਾ ਹੋਇਆ ਹੋਵੇਗਾ ਕਿ ਕਿਸੇ ਅਪਰਾਧੀ 'ਤੇ ਜ਼ੁਰਮਾਨੇ ਦੀ ਰਕਮ ਉਸਦੀ ਮਰਜ਼ੀ ਨਾਲ਼ ਤੈਅ ਕੀਤੀ ਗਈ ਹੋਵੇ।

ਬੱਸ ਇੰਨਾ ਹੀ ਨਹੀਂ, ਭੋਪਾਲ 'ਚ ਕਾਰਬਾਈਡ ਦੇ ਖ਼ੂਨੀ ਕਾਰਖਾਨੇ 'ਚ ਅੱਜ ਵੀ ਹਜ਼ਾਰਾਂ ਟਨ ਜ਼ਹਿਰੀਲਾ ਕਚਰਾ ਪਿਆ ਹੈ ਜਿਸ ਦੀ ਸਫਾਈ 'ਤੇ ਹੀ ਅਰਬਾਂ ਰੁਪਏ ਦਾ ਖਰਚਾ ਆਵੇਗਾ। ਪਹਿਲਾਂ ਕਾਰਬਾਈਡ ਅਤੇ ਫਿਰ ਉਸ ਨੂੰ ਖਰੀਦਣ ਵਾਲੀ ਹਾਉ ਕੈਮੀਕਲਜ਼ ਨਾਂ ਦੀ ਅਮਰੀਕੀ ਕੰਪਨੀ ਲਗਾਤਾਰ ਇਸ ਦੀ ਜ਼ਿੰਮੇਦਾਰੀ ਲੈਣ ਤੋਂ ਮਨ੍ਹਾ ਕਰਦੀ ਰਹੀ ਹੈ। ਭਾਰਤ ਸਰਕਾਰ ਨੇ ਕਈ ਵਰ੍ਹੇ ਦੱਬੀ ਜੁਬਾਨੋਂ ਇਸ ਕੰਮ ਲਈ 100 ਕਰੋੜ ਰੁਪਏ ਦੀ ਮੰਗ ਤਾਂ ਕੀਤੀ, ਪਰ ਕਦੇ ਇਸ 'ਤੇ ਗੱਲ ਨਹੀਂ ਕੀਤੀ। ਨਾਲੇ ਹੁਣ ਇਹ ਗੱਲ ਵੀ ਸਾਹਮਣੇ ਆ ਗਈ ਹੈ ਕਿ ਸਰਕਾਰ ਨੇ ਹਾਉ ਕੈਮੀਕਲਜ਼ ਨੂੰ ਭਰੋਸਾ ਦਿਵਾਇਆ ਸੀ ਕਿ ਭਾਰਤ 'ਚ ਨਿਵੇਸ਼ ਬਦਲੇ ਉਸ ਨੂੰ ਇਸ ਜ਼ਿੰਮੇਵਾਰੀ ਤੋਂ ਬਰੀ ਕਰ ਦਿੱਤਾ ਜਾਵੇਗਾ। ਯਾਣੀ ਕਾਰਬਾਈਡ ਦੇ ਜ਼ਹਿਰੀਲੇ ਕਚਰੇ ਦੀ ਸਫ਼ਾਈ ਵੀ ਸਰਕਾਰੀ ਪੈਸੇ ਨਾਲ, ਗਰੀਬਾਂ ਦੀ ਜੇਬ੍ਹ ਤੋਂ ਖਸੋਟੇ ਗਏ ਪੈਸੇ ਨਾਲ ਕੀਤੀ ਜਾਵੇਗੀ। ਸਰਕਾਰ ਦੀ ਨਜ਼ਰ ਤਾਂ ਹਾਉ ਜਿਹੀ ਦੈਂਤ ਅਕਾਰੀ ਰਸਾਇਣਕ ਕੰਪਨੀਆਂ ਦੁਆਰਾ ਭਾਰਤ 'ਚ 70,000 ਕਰੋੜ ਰੁਪਏ ਦੀ ਸੰਭਾਵਿਤ ਪੂੰਜੀ ਨਿਵੇਸ਼ 'ਤੇ ਟਿਕੀ ਹੈ। ਹਰਜ਼ਾਨੇ ਦੀ ਮੰਗ ਕਰਕੇ ਉਹਨਾਂ ਨੂੰ ਨਾਰਾਜ਼ ਕਰਨ ਦਾ ਜ਼ੋਖ਼ਿਮ ਭਲਾ ਉਹ ਕਿਉਂ ਚੁੱਕੇਗੀ? ਦਰਅਸਲ ਇਹ ਸਾਰੀ ਖੇਡ ਹੀ ਪੂੰਜੀ ਦੀ ਹੈ। ਇਸ ਲਈ ਆਪਣੇ ਲੋਕਾਂ ਦੇ ਕਾਤਲਾਂ ਅੱਗੇ ਨੱਕ ਰਗੜਨ 'ਚ ਸਰਕਾਰ ਨੂੰ ਕੋਈ ਪ੍ਰੇਸ਼ਾਨੀ ਨਹੀਂ ਹੈ।

ਕਾਰਬਾਈਡ ਦੇ ਮੁਖੀ ਵਾਰੇਨ ਐਂਡਰਸਨ ਨੂੰ ਭਾਰਤ ਤੋਂ ਭਜਾਉਣ ਦੇ ਮਾਮਲੇ 'ਚ ਤਤਕਾਲੀ ਸਰਕਾਰਾਂ ਨੇ ਜਿਸ ਬੇਸ਼ਰਮੀ ਦਾ ਸਬੂਤ ਦਿੱਤਾ ਉਸ 'ਤੇ ਨਫ਼ਰਤ ਨਾਲ਼ ਥੁੱਕਿਆ ਹੀ ਜਾ ਸਕਦਾ ਹੈ। ਜਿਸ ਸਮੇਂ ਭੋਪਾਲ 'ਚ ਲਾਸ਼ਾਂ ਦੇ ਢੇਰ ਲੱਗੇ ਸਨ ਅਤੇ ਹਜ਼ਾਰਾਂ ਫੱਟੜ ਅਤੇ ਅਪਾਹਜ ਲੋਕਾਂ ਨਾਲ਼ ਸ਼ਹਿਰ ਦੇ ਹਸਪਤਾਲ ਲੱਦੇ ਪਏ ਸਨ, ਉਸੇ ਸਮੇਂ ਰਾਜ ਦੀ ਸਰਕਾਰ ਇਸ ਕਾਤਲ ਨੂੰ ਗ੍ਰਿਫ਼ਤਾਰ ਕਰ

ਲੈਣ ਦੀ "ਗਲਤੀ' ਦਾ ਪਛਤਾਵਾ ਕਰਨ ਅਤੇ ਉਸ ਨੂੰ ਆਦਰ-ਸਤਿਕਾਰ ਸਹਿਤ ਅਮਰੀਕਾ ਭੇਜਣ 'ਚ ਲੱਗੀ ਹੋਈ ਸੀ। ਐਂਡਰਸਨ ਨੂੰ ਭੋਪਾਲ ਪਹੁੰਚਦੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ, ਪਰ ਛੇ ਘੰਟੇ 'ਚ ਹੀ ਉਸ ਦੀ ਨਾ ਸਿਰਫ਼ ਜ਼ਮਾਨਤ ਹੋ ਗਈ, ਸਗੋਂ ਸਰਕਾਰ ਦੇ ਵਿਸ਼ੇਸ਼ ਹਵਾਈ ਜਹਾਜ਼ ਨਾਲ਼ ਉਸ ਨੂੰ ਦਿੱਲੀ ਲੈ ਜਾਇਆ ਗਿਆ ਜਿੱਥੋਂ ਉਹ ਉਸੇ ਦਿਨ ਅਮਰੀਕਾ ਭੱਜ ਗਿਆ। ਉਸ ਮਗਰੋਂ ਉਹ ਕਦੇ ਅਦਾਲਤ ਵਿੱਚ ਹਾਜ਼ਰ ਹੀ ਨਹੀਂ ਹੋਇਆ। ਉਸ ਸਮੇਂ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਰਹੇ ਅਰਜੁਨ ਸਿੰਘ ਹੁਣ ਕਹਿ ਰਹੇ ਹਨ ਕਿ ਭੋਪਾਲ 'ਚ ਕਾਨੂੰਨ-ਪ੍ਰਣਾਲੀ ਬਣਾਈ ਰੱਖਣ ਲਈ ਅਜਿਹਾ ਕਰਨਾ ਜ਼ਰੂਰੀ ਸੀ, ਨਹੀਂ ਤਾਂ ਲੋਕਾਂ ਦਾ ਗੁੱਸਾ ਭੜਕ ਜਾਂਦਾ। ਵਿੱਤ ਮੰਤਰੀ ਪ੍ਰਣਬ ਮੁਖਰਜੀ ਵੀ ਅਜਿਹੀ ਹੀ ਗੱਲ ਕਹਿ ਰਹੇ ਸਨ। ਪੂੰਜੀ ਦੇ ਇਹਨਾਂ ਬੇਸ਼ਰਮ ਚਾਕਰਾਂ ਤੋਂ ਕੋਈ ਇਹ ਪੁੱਛੇ ਕਿ ਜੇਕਰ ਉਸ ਨੂੰ ਭੋਪਾਲ ਤੋਂ ਬਾਹਰ ਲੈ ਜਾਣਾ ਜ਼ਰੂਰੀ ਵੀ ਸੀ, ਤਾਂ ਮੁਲਕ ਤੋਂ ਬਾਹਰ ਕਿਉਂ ਜਾਣ ਦਿੱਤਾ ਗਿਆ ? ਉਝ ਹੁਣ ਇਹ ਸੱਚਾਈ ਵੀ ਉਜਾਗਰ ਹੋ ਚੁੱਕੀ ਹੈ ਕਿ ਐਂਡਰਸਨ ਨੂੰ ਪਹਿਲਾਂ ਹੀ ਭਰੋਸਾ ਦਿਵਾ ਦਿੱਤਾ ਗਿਆ ਸੀ ਕਿ ਉਸ ਨੂੰ ਸੁਰੱਖਿਅਤ ਵਾਪਸ ਜਾਣ ਦਿੱਤਾ ਜਾਵੇਗਾ। ਜ਼ਾਹਿਰ ਹੈ, ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਮਰਜ਼ੀ ਤੋਂ ਬਿਨਾਂ ਅਜਿਹਾ ਮੁਮਕਿਨ ਨਹੀਂ ਸੀ। ਅੱਜ ਰਾਜੀਵ ਗਾਂਧੀ ਦਾ ਨਾਮ ਆਉਂਦੇ ਹੀ ਕਾਂਗਰਸ ਦੀ ਪੂਰੀ ਚਮਚਾ ਮੰਡਲੀ ਸਫ਼ਾਈ ਦੇਣ 'ਚ ਜੁੱਟ ਗਈ ਹੈ। ਪਰ ਇੱਥੇ ਸਵਾਲ ਵਿਅਕਤੀਆਂ ਦਾ ਹੈ ਹੀ ਨਹੀਂ। ਪੂੰਜੀਵਾਦੀ ਸਰਕਾਰ ਪੂੰਜੀਵਾਦੀ ਜਮਾਤ ਦੀ ਮੈਨੇਜਿੰਗ ਕਮੇਟੀ ਹੁੰਦੀ ਹੈ ਅਤੇ ਸਰਮਾਏਦਾਰਾਂ ਅਤੇ ਉਹਨਾਂ ਦੇ ਹਿੱਤਾਂ ਦੀ ਰੱਖਿਆ ਕਰਨਾ ਉਹਨਾਂ ਦਾ ਪਰਮ ਧਰਮ ਹੁੰਦਾ ਹੈ। ਅਮਰੀਕੀ ਸੱਤ੍ਹਾ ਅਮਰੀਕੀ ਪੂੰਜੀ ਦੀ ਪ੍ਰਤੀਨਿਧੀ ਹੈ ਅਤੇ ਉਸਨੇ ਐਂਡਰਸਨ ਦੀ ਰਿਹਾਈ ਲਈ ਦਬਾਅ ਪਾਇਆ ਅਤੇ ਭਾਰਤੀ ਪੂੰਜੀ ਦੇ ਪ੍ਰਤੀਨਿਧੀਆਂ ਦੀ ਕੀ ਮਜ਼ਾਲ ਸੀ, ਜਿਹੜੇ ਲੁੱਟ ਦੀ ਖੇਡ ਦੇ ਆਪਣੇ ਸੀਨੀਅਰ ਪਾਰਟਨਰ ਦੀ ਗੱਲ ਨਾ ਮੰਨਦੇ ?

ਨਾਲੇ ਗੱਲ ਬੱਸ ਐਂਡਰਸਨ ਦੀ ਨਹੀਂ ਹੈ। ਕਾਰਬਾਈਡ ਦੀ ਭਾਰਤੀ ਸਬਸਿਡਅਰੀ ਦੇ ਪ੍ਰਮੁੱਖ ਕੇਸ਼ਵ ਮਹਿੰਦਰਾ ਸਮੇਤ ਵੱਡੇ ਅਧਿਕਾਰੀ ਕਠੋਰਤਮ ਸਜ਼ਾ ਦੇ ਹੱਕਦਾਰ ਸਨ। ਪਰ ਉਹਨਾਂ ਨੂੰ ਬਚਾਉਣ ਲਈ ਭਾਰਤ ਦਾ ਪੂਰਾ ਤੰਤਰ ਤਨ-ਮਨ ਨਾਲ਼ ਲੱਗਿਆ ਹੋਇਆ ਸੀ।

ਅੱਜ ਬਹੁਤੇ ਲੋਕਾਂ ਨੂੰ ਠੀਕ ਤਰ੍ਹਾਂ ਪਤਾ ਨਹੀਂ ਹੈ ਕਿ 2 ਦਸੰਬਰ, 1984 ਦੀ ਉਸ ਭਿਆਨਕ ਰਾਤ ਨੂੰ ਕੀ ਹੋਇਆ ਸੀ ਅਤੇ ਕਿਉਂ ਹੋਇਆ ਸੀ। ਉਸ ਨੂੰ ਜਾਨਣ ਮਗਰੋਂ ਬਿਲਕੁੱਲ ਸਾਫ਼ ਹੋ ਜਾਂਦਾ ਹੈ ਕਿ ਇਹ ਮਹਿਜ਼ ਇੱਕ ਦੁਰਘਟਨਾ ਨਹੀਂ ਸੀ, ਮੁਨਾਫ਼ੇ ਦੀ ਅੰਨ੍ਹੀ ਹਵਸ ਹੱਥੋਂ ਹੋਈਆਂ ਠੰਡੀਆਂ ਹੱਤਿਆਵਾਂ ਸਨ।

ਅੱਜ ਤੋਂ 26 ਸਾਲ ਪਹਿਲਾਂ 2 ਦਸੰਬਰ 1984 ਦੀ ਰਾਤ ਨੂੰ ਅਮਰੀਕੀ ਕੰਪਨੀ ਯੂਨੀਅਨ ਕਾਰਬਾਈਡ ਦੀ ਭੋਪਾਲ ਸਥਿਤ ਕੀਟਨਾਸ਼ਕ ਫੈਕਟਰੀ ਤੋਂ ਨਿਕਲੀਆਂ ਚਾਲੀ ਟਨ ਜ਼ਹਿਰੀਲੀਆਂ ਗੈਸਾਂ ਨੇ ਹਜ਼ਾਰਾਂ ਸੁੱਤੇ ਹੋਏ ਲੋਕਾਂ ਦਾ ਕਤਲੇਆਮ ਕੀਤਾ ਸੀ। ਉਸ ਦਿਨ ਕਰੀਬ ਸਾਢੇ ਗਿਆਰਾਂ ਵਜੇ ਰਾਤ ਨੂੰ ਕਾਰਖਾਨੇ ਤੋਂ ਗੈਸ ਦਾ ਰਿਸਣਾ ਸ਼ੁਰੂ ਹੋਇਆ। ਫੈਕਟਰੀ ਦੇ ਚਾਰੇ ਪਾਸਿਆਂ ਅਤੇ ਕਿਰਤੀ ਲੋਕਾਂ ਦੀਆਂ ਬਸਤੀਆਂ 'ਚ ਦਿਨ ਭਰ ਦੀ ਮਿਹਨਤ ਨਾਲ ਥੱਕੇ ਲੋਕ ਸੌਂ ਰਹੇ ਸਨ। ਵੇਖਦੇ ਹੀ ਵੇਖਦੇ 40,000 ਕਿਲੋ ਜ਼ਹਿਰੀਲੀਆਂ ਗੈਸਾਂ ਦੇ ਬੱਦਲਾਂ ਨੇ ਭੋਪਾਲ ਸ਼ਹਿਰ ਦੇ 36 ਵਾਰਡਾਂ ਨੂੰ ਢੱਕ ਲਿਆ। ਇਨ੍ਹਾਂ 'ਚ ਸਭ ਤੋਂ ਵੱਧ ਮਿਕਦਾਰ 'ਚ ਸੀ ਦੁਨੀਆਂ ਦੀਆਂ ਸਭ ਤੋਂ ਜ਼ਹਿਰੀਲੀਆਂ ਗੈਸਾਂ 'ਚੋਂ ਇੱਕ ਮਿਥਾਇਲ ਆਇਸੋਸਾਇਨੇਟ ਯਾਣੀ ਐਮ. ਆਈ. ਸੀ. ਗੈਸ। ਗੈਸ ਦਾ ਅਸਰ ਇੰਨਾ ਤੇਜ਼ ਸੀ ਕਿ ਚੰਦ ਪਲਾਂ ਅੰਦਰ ਹੀ ਸੈਂਕੜੇ ਲੋਕਾਂ ਦੀ ਦਮ ਘੁਟਣ ਨਾਲ ਮੌਤ ਹੋ ਗਈ , ਹਜ਼ਾਰਾਂ ਲੋਕ ਅੰਨ੍ਹੇ ਹੋ ਗਏ, ਬਹੁਤ ਸਾਰੀਆਂ ਇਸਤਰੀਆਂ ਦਾ ਗਰਭਪਾਤ ਹੋ ਗਿਆ, ਹਜ਼ਾਰਾਂ ਲੋਕ ਫੇਫੜੇ, ਲੀਵਰ, ਗੁਰਦੇ ਜਾਂ ਦਿਮਾਗ ਕੰਮ ਕਰਨਾ ਬੰਦ ਹੋਣ ਕਾਰਨ ਮਰ ਗਏ ਜਾਂ ਅੱਧਮਰੇ ਜਿਹੇ ਹੋ ਗਏ। ਬੱਚਿਆਂ, ਬਿਮਾਰਾਂ ਅਤੇ ਬੁੱਢਿਆਂ ਨੂੰ ਤਾਂ ਘਰ ਤੋਂ ਨਿਕਲਣ ਤੱਕ ਦਾ ਮੌਕਾ ਨਹੀਂ ਮਿਲਿਆ। ਹਜ਼ਾਰਾਂ ਲੋਕ ਮਹੀਨਿਆਂ ਮਗਰੋਂ ਤੱਕ ਤਿਲ-ਤਿਲ ਕਰਦੇ ਮਰਦੇ ਰਹੇ ਅਤੇ ਕਰੀਬ 6 ਲੱਖ ਲੋਕ ਅੱਜ ਅਪਾਹਜਪੁਣੇ ਅਤੇ ਬਿਮਾਰੀਆਂ ਨਾਲ਼ ਜੂਝ ਰਹੇ ਹਨ। ਇਹ ਗੈਸ ਇੰਨੀ ਜ਼ਹਿਰੀਲੀ ਸੀ ਕਿ ਪੰਜਾਹ ਵਰਗ ਕਿਲੋਮੀਟਰ ਦੇ ਦਾਇਰੇ 'ਚ ਮਵੇਸ਼ੀ ਅਤੇ ਪੰਛੀ ਤੱਕ ਮਰ ਗਏ ਅਤੇ ਜ਼ਮੀਨ ਅਤੇ ਪਾਣੀ ਤੱਕ 'ਚ ਇਸ ਦਾ ਜ਼ਹਿਰ ਫੈਲ ਗਿਆ। ਜਿਹੜੇ ਉਸ ਰਾਤੀਂ ਮੌਤ ਤੋਂ ਬਚ ਗਏ, ਉਹ ਛੱਬੀ ਵਰ੍ਹੇ ਬੀਤਣ ਮਗਰੋਂ ਵੀ ਅੱਜ ਤੱਕ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਨਾਲ ਲੜ ਰਹੇ ਹਨ। ਇਸ ਤਰ੍ਹਾਂ ਦੇ ਅਸਰ ਨਾਲ਼ ਕਈ ਸਾਲ ਮਗਰੋਂ ਤੱਕ ਉਸ ਇਲਾਕੇ 'ਚ ਪੈਦਾ ਹੋਣ ਵਾਲੇ ਬਹੁਤ ਸਾਰੇ ਬੱਚੇ ਜਨਮ ਤੋਂ ਅਪਾਹਜ ਜਾਂ ਬਿਮਾਰੀਆਂ ਤੋਂ ਗ੍ਰਸਤ ਹੁੰਦੇ ਰਹੇ। ਅੱਜ ਵੀ ਉੱਥੋਂ ਦੀ ਜ਼ਮੀਨ ਅਤੇ ਪਾਣੀ ਤੋਂ ਜ਼ਹਿਰ ਦਾ ਅਸਰ ਖ਼ਤਮ ਨਹੀਂ ਹੋਇਆ ਹੈ।

**ਪਰ ਇਹ ਕੋਈ ਦੁਰਘਟਨਾ ਨਹੀਂ ਸੀ ! ਇਹ ਮੁਨਾਫ਼ੇ ਲਈ ਪਾਗਲ ਪੂੰਜੀਵਾਦ ਦੇ ਹੱਥੋਂ ਹੋਇਆ ਇੱਕ ਹੱਤਿਆਕਾਂਡ ਸੀ।**

ਯੂਨੀਅਨ ਕਾਰਬਾਈਡ ਦੀ ਦੇਸੀ ਅਤੇ ਵਿਦੇਸ਼ੀ ਮੈਨੇਜਮੈਂਟ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਅਜਿਹੀ ਦੁਰਘਟਨਾ ਕਦੇ ਵੀ ਵਾਪਰ ਸਕਦੀ ਹੈ, ਪਰ ਉਹਨਾਂ ਨੂੰ ਲੋਕਾਂ ਦੀ ਜਾਨ ਦੇ ਖ਼ਤਰੇ ਹੀ ਨਹੀਂ, ਸਿਰਫ਼ ਅਤੇ ਸਿਰਫ਼ ਆਪਣੇ ਮੁਨਾਫੇ ਦੀ ਚਿੰਤਾ ਸੀ। ਉਹਨਾਂ ਨੇ ਇੱਕ ਤੋਂ ਬਾਅਦ ਇੱਕ ਅਜਿਹੇ ਕਦਮ ਚੁੱਕੇ ਜਿਹੜੇ ਭੋਪਾਲ ਦੇ ਲੋਕਾਂ ਨੂੰ ਮੌਤ ਵੱਲ ਧੱਕਦੇ ਰਹੇ।

ਭੋਪਾਲ 'ਚ ਲਗਾਏ ਗਏ ਕੀਟਨਾਸ਼ਕ ਕਾਰਖਾਨੇ ਦੀ ਤਕਨੀਕ ਬੇਹੱਦ ਪੁਰਾਣੀ ਪੈ ਚੁੱਕੀ ਸੀ ਅਤੇ ਖਤਰਨਾਕ ਹੋਣ ਕਰਕੇ ਅਮਰੀਕਾ 'ਚ ਉਸਨੂੰ ਖਾਰਜ ਕੀਤਾ ਜਾ ਚੁੱਕਾ ਸੀ। ਸਭ ਕੁੱਝ ਜਾਣਦੇ ਹੋਏ ਵੀ ਭਾਰਤੀ ਹਾਕਮਾਂ ਨੇ ਉਸ ਨੂੰ ਲਗਾਉਣ ਦੀ ਇਜ਼ਾਜਤ ਦਿੱਤੀ। ਐਮ. ਆਈ. ਸੀ. ਇੰਨੀ ਜ਼ਹਿਰੀਲੀ ਅਤੇ ਖ਼ਤਰਨਾਕ ਗੈਸ ਹੁੰਦੀ ਹੈ ਕਿ ਉਸ ਨੂੰ ਬਹੁਤ ਥੋੜ੍ਹੀ ਮਿਕਦਾਰ 'ਚ ਹੀ ਰੱਖਿਆ ਜਾਂਦਾ ਹੈ। ਪਰ ਪੈਸੇ ਬਚਾਉਣ ਲਈ ਕਾਰਬਾਈਡ ਕਾਰਖਾਨੇ 'ਚ ਇਸ ਦਾ ਇੰਨਾ ਵੱਡਾ ਭੰਡਾਰ ਰੱਖਿਆ ਗਿਆ ਸੀ, ਜਿਹੜਾ ਇੱਕ ਸ਼ਹਿਰ ਦੀ ਆਬਾਦੀ ਨੂੰ ਖ਼ਤਮ ਕਰਨ ਲਈ ਕਾਫ਼ੀ ਸੀ। ਉੱਪਰੋਂ ਕੰਪਨੀ ਦੀ ਮੈਨੇਜਮੈਂਟ ਨੇ ਪੈਸੇ ਬਚਾਉਣ ਲਈ ਸੁਰੱਖਿਆ ਦੇ ਸਾਰੇ ਇੰਤਜ਼ਾਮਾਂ 'ਚ ਇੱਕ-ਇੱਕ ਕਰਕੇ ਕਟੌਤੀ ਕਰ ਦਿੱਤੀ ਸੀ। ਇਸ ਗੈਸ ਨੂੰ ਜ਼ੀਰੋ ਤੋਂ ਪੰਜ ਡਿਗਰੀ ਤਾਪਮਾਨ 'ਤੇ ਰੱਖਣਾ ਜ਼ਰੂਰੀ ਹੁੰਦਾ ਹੈ, ਪਰ ਕੁੱਝ ਹਜ਼ਾਰ ਰੁਪਏ ਬਚਾਉਣ ਲਈ ਗੈਸ ਟੈਂਕ

ਦਾ ਕੂਲਿੰਗ ਸਿਸਟਮ 6 ਮਹੀਨੇ ਤੋਂ ਬੰਦ ਕਰ ਦਿੱਤਾ ਗਿਆ ਸੀ। ਐਮ. ਆਈ. ਸੀ. ਗੈਸ ਦੇ ਟੈਂਕ ਦਾ ਮੇਨਟੇਨੈਂਸ ਸਟਾਫ਼ ਘਟਾ ਕੇ ਅੱਧਾ ਕਰ ਦਿੱਤਾ ਗਿਆ ਸੀ। ਇੱਥੋਂ ਤੱਕ ਕਿ ਗੈਸ ਲੀਕ ਹੋਣ ਦੀ ਚਿਤਾਵਨੀ ਦੇਣ ਵਾਲਾ ਹੂਟਰ ਵੀ ਬੰਦ ਕਰ ਦਿੱਤਾ ਗਿਆ ਸੀ। ਕਾਰਖਾਨੇ ਵਿੱਚ ਕੰਮ ਕਰਨ ਵਾਲੇ ਮਜ਼ਦੂਰ ਜਾਣਦੇ ਸਨ ਕਿ ਭੋਪਾਲ ਸ਼ਹਿਰ ਮੌਤ ਦੇ ਸਮਾਨ ਦੇ ਢੇਰ 'ਤੇ ਬੈਠਾ ਹੈ, ਪਰ ਉਹਨਾਂ ਦੀ ਕਿਸੇ ਨੇ ਨਹੀਂ ਸੁਣੀ। ਸ਼ਹਿਰ ਦੇ ਇੱਕ ਅਖ਼ਬਾਰ ਨੇ ਇੱਕ ਸਾਲ ਪਹਿਲਾਂ ਤੋਂ ਚਿਤਾਵਨੀ ਦਿੱਤੀ ਸੀ ਕਿ ਅਜਿਹੀ ਕੋਈ ਭਿਆਨਕ ਘਟਨਾ ਕਦੇ ਵੀ ਹੋ ਸਕਦੀ ਹੈ, ਜੇਕਰ ਕੰਪਨੀ ਦੇ ਮਾਲਕ ਅਤੇ ਮੈਨੇਜਮੈਂਟ ਸਭ ਕੁੱਝ ਜਾਣਦੇ ਹੋਏ ਵੀ ਸਿਰਫ਼ ਪੈਸੇ ਬਚਾਉਣ ਦੇ ਹੱਥਕੰਡਿਆਂ 'ਚ ਲੱਗੇ ਰਹੇ। ਜਿਸ ਦਿਨ ਜ਼ਹਿਰੀਲੀ ਗੈਸ ਮੌਤ ਬਣ ਕੇ ਭੋਪਾਲ ਦੇ ਲੋਕਾਂ 'ਤੇ ਟੁੱਟੀ, ਉਸ ਦਿਨ ਇਨ੍ਹਾਂ ਸਫ਼ੈਦਪੋਸ਼ ਕਾਤਲਾਂ 'ਚੋਂ ਕਿਸੇ ਨੂੰ ਝਰੀਟ ਵੀ ਨਹੀਂ ਆਈ। ਉਹ ਫੈਕਟਰੀ ਏਰੀਏ ਤੋਂ ਕਈ ਕਿਲੋਮੀਟਰ ਦੂਰ ਆਪਣੇ ਆਪਣੇ ਆਲੀਸ਼ਾਨ ਬੰਗਲਿਆਂ 'ਚ ਮੁੰਬਈ ਅਤੇ ਅਮਰੀਕਾ 'ਚ ਆਰਾਮ ਨਾਲ ਬੈਠੇ ਸਨ।

ਪੂੰਜੀ ਦੇ ਇਸ ਹੱਤਿਆ ਕਾਂਡ ਮਗਰੋਂ ਦੇਸ਼ ਦੀਆਂ ਸਰਕਾਰਾਂ ਨੇ ਆਪਣੇ ਹੀ ਨਾਗਰਿਕਾਂ ਨਾਲ਼ ਜਿਹੜਾ ਸਲੂਕ ਕੀਤਾ, ਉਹ ਇਸ ਤੋਂ ਘੱਟ ਬਰਬਰ ਅਤੇ ਅਣਮਨੁੱਖੀ ਨਹੀਂ ਹੈ। ਪਿਛਲੇ ਛੱਬੀ ਵਰ੍ਹਿਆਂ ਤੋਂ ਭੋਪਾਲ ਦੇ ਗੈਸ ਪੀੜਤਾਂ ਨਾਲ਼ ਇੱਕ ਘਿਨੌਣਾ ਮਜ਼ਾਕ ਜਾਰੀ ਸੀ। ਇਸ 'ਚ ਸਭ ਸ਼ਾਮਿਲ ਰਹੇ ਹਨ, ਕੇਂਦਰ ਅਤੇ ਰਾਜ ਦੀ ਕਾਂਗਰਸ, ਭਾਜਪਾ ਅਤੇ ਸੰਯੁਕਤ ਮੋਰਚੇ ਦੀਆਂ ਸਰਕਾਰਾਂ ਅਤੇ ਸੁਪਰੀਮ ਕੋਰਟ ਤੋਂ ਲੈ ਕੇ ਹੇਠਲੀਆਂ ਅਦਾਲਤਾਂ ਤੱਕ ਪੂਰੀ ਨਿਆਂਪਾਲਿਕਾ ਅਤੇ ਸਥਾਨਿਕ ਨੌਕਰਸ਼ਾਹੀ।

ਇਸ ਫੈਸਲੇ ਨਾਲ਼ ਦੇਸ਼ 'ਚ ਫੈਲੀ ਗੁੱਸੇ ਦੀ ਲਹਿਰ ਨਾਲ਼ ਘਬਰਾਈ ਸਰਕਾਰ ਨੇ ਹੁਣ ਮਾਮਲੇ 'ਤੇ ਲੀਪਾ-ਪੋਤੀ ਕਰਨ ਲਈ ਮੰਤਰੀਆਂ ਦਾ ਸਮੂਹ ਗਠਿਤ ਕਰਨ ਅਤੇ ਸੁਪਰੀਮ ਕੋਰਟ 'ਚ ਫਿਰ ਤੋਂ ਮੁਕੱਦਮਾ ਚਲਾਉਣ ਦੀਆਂ ਗੱਲਾਂ ਸ਼ੁਰੂ ਕਰ ਦਿੱਤੀਆਂ ਹਨ। ਪਰ ਦੇਸੀ-ਵਿਦੇਸ਼ੀ ਸਰਮਾਏਦਾਰਾਂ ਦੀ ਸੇਵਾ 'ਚ ਜੀਅ-ਜਾਨ ਨਾਲ਼ ਜੁਟੀ ਇਸ ਸਰਕਾਰ ਦੇ ਅਮਲੀ ਇਰਾਦੇ ਜੱਗ ਜ਼ਾਹਰ ਹਨ।

ਅੱਜ ਤਮਾਮ ਟੀ ਵੀ ਚੈਨਲ ਅਤੇ ਅਖ਼ਬਾਰ ਭੋਪਾਲ ਨੂੰ ਲੈ ਕੇ ਜਿਹੜੀਆਂ ਤਾਬੜਤੋੜ ਖ਼ਬਰਾਂ ਦੇ ਰਹੇ ਹਨ, ਉਹਨਾਂ ਪਿੱਛੇ ਲੋਕ ਹਿੱਤ ਦੀ ਚਿੰਤਾ ਨਹੀਂ, ਟੀ. ਆਰ. ਪੀ. ਅਤੇ ਸਰਕੂਲੇਸ਼ਨ ਦੀ ਹੋੜ ਦੀ ਚਿੰਤਾ ਹੈ। ਨਹੀਂ ਤਾਂ ਇੰਨੇ ਵਰ੍ਹਿਆਂ 'ਚ ਕਿਸੇ ਨੂੰ ਭੋਪਾਲ ਦੀ ਯਾਦ ਕਿਉਂ ਨਹੀਂ ਆਈ? ਕੋਈ ਨਵੀਂ ਮਸਾਲੇਦਾਰ ਖ਼ਬਰ ਮਿਲਦੇ ਹੀ ਇਹ ਸਭ ਇੱਕ ਵਾਰ ਫਿਰ ਭੋਪਾਲ ਨੂੰ ਭੁੱਲ ਕੇ ਉਸਦੇ ਪਿੱਛੇ ਲੱਗ ਜਾਣਗੇ।

ਭੋਪਾਲ ਦੀ ਘਟਨਾ ਵਾਰ-ਵਾਰ ਇਹ ਚੇਤੇ ਕਰਵਾਉਂਦੀ ਹੈ ਕਿ ਵੱਧ ਤੋਂ ਵੱਧ ਮੁਨਾਫਾ ਬਟੋਰਨ ਦੀ ਅੰਨ੍ਹੀ ਹਵਸ 'ਚ ਪਾਗਲ ਸਰਮਾਏਦਾਰਾਂ ਲਈ ਇਨਸਾਨ ਦੀ ਜ਼ਿੰਦਗੀ ਦਾ ਕੋਈ ਮੁੱਲ ਨਹੀਂ ਹੁੰਦਾ। ਪੂੰਜੀਵਾਦ ਜੰਗ ਦੇ ਦਿਨਾਂ 'ਚ ਹੀਰੋਸ਼ਿਮਾ ਅਤੇ ਨਾਗਾਸਾਕੀ ਨੂੰ ਜਨਮ ਦਿੰਦੀ ਹੈ ਅਤੇ ਸ਼ਾਂਤੀ ਦੇ ਦਿਨਾਂ 'ਚ ਭੋਪਾਲ ਜਿਹੀਆਂ ਤਰਾਸਦੀਆਂ ਨੂੰ। ਇਹ ਵਾਤਾਵਰਣ ਨੂੰ ਤਬਾਹ ਕਰਕੇ ਪੂਰੀ ਧਰਤੀ ਨੂੰ ਵਿਨਾਸ਼ ਵੱਲ ਧੱਕ ਰਿਹਾ ਹੈ। ਇਸ ਆਦਮਖੋਰ ਢਾਂਚੇ ਦਾ ਇੱਕ-ਇੱਕ ਦਿਨ ਮਨੁੱਖਤਾ 'ਤੇ ਭਾਰੀ ਹੈ। ਇਸ ਨੂੰ ਜਲਦੀ ਤੋਂ ਜਲਦੀ ਮਿੱਟੀ 'ਚ ਮਿਲਾ ਕੇ ਹੀ ਧਰਤੀ ਅਤੇ ਮਨੁੱਖਤਾ ਨੂੰ ਬਚਾਇਆ ਜਾ ਸਕਦਾ ਹੈ। ਇਹ ਜ਼ਿੰਮੇਵਾਰੀ ਇਤਿਹਾਸ ਨੇ ਮਜ਼ਦੂਰ ਜਮਾਤ ਅਤੇ ਸੰਵੇਦਨਸ਼ੀਲ ਨੌਜਵਾਨਾਂ ਦੇ ਮੋਢਿਆਂ 'ਤੇ ਸੌਂਪੀ ਹੈ।

## (ਪੰਨਾ 1 ਦਾ ਬਾਕੀ)

ਅਜੇ ਤੱਕ ਵੀ ਪੰਜਾਬ ਦੇ ਨੌਜਵਾਨਾਂ ਦੇ ਇਕ ਸੀਮਿਤ ਜਿਹੇ ਹਿੱਸੇ ਤੱਕ ਹੀ ਲਲਕਾਰ ਦੀ ਪਹੁੰਚ ਬਣ ਸਕੀ ਹੈ। ਹੁਣ ਸਾਡੇ ਸਾਹਮਣੇ ਇਹ ਇੱਕ ਅਹਿਮ ਕਾਰਜ ਹੈ ਕਿ ਲਲਕਾਰ ਨੂੰ ਨੌਜਵਾਨਾਂ ਦੇ ਇਕ ਵੱਡੇ ਹਿੱਸੇ ਤੱਕ ਪਹੁੰਚਾਈਏ। ਇਹ ਕਾਰਜ ਲਲਕਾਰ ਨਾਲ਼ ਜੁੜੇ ਸਾਥੀਆਂ ਤੋਂ ਵਧੇਰੇ ਮਿਹਨਤ, ਲਗਨ ਅਤੇ ਹਿੰਮਤ ਦੀ ਮੰਗ ਕਰਦਾ ਹੈ। ਲਲਕਾਰ ਦੇ ਪਾਠਕਾਂ ਨੂੰ ਵੀ ਸਿਰਫ਼ ਪਾਠਕ ਦੀ ਭੂਮਿਕਾ ਤਿਆਗ ਕੇ ਲਲਕਾਰ ਲਈ ਸਮੱਗਰੀ ਦੀ ਤਿਆਰੀ ਵਿੱਚ ਹੱਥ ਵੰਡਾਉਣ ਤੋਂ ਲੈ ਕੇ ਇਸ ਨੂੰ ਹੋਰ ਨਵੇਂ ਹੱਥਾਂ ਵਿੱਚ ਪਹੁੰਚਾਉਣ ਲਈ ਅੱਗੇ ਆਉਣਾ ਹੋਵੇਗਾ। ਬਕੌਲ ਸ਼ਾਇਰ...

ਮੈਂ ਅਕੇਲਾ ਹੀ ਚਲਾ ਥਾ ਜਾਨਿਬ-ਏ-ਮੰਜ਼ਿਲ ਮਗਰ
ਲੋਗ ਮਿਲਤੇ ਗਏ ਔਰ ਕਾਰਵਾਂ ਬਨਤਾ ਗਯਾ

## (ਪੰਨਾ 32 ਦਾ ਬਾਕੀ)

ਟੀ. ਐਸ. ਟੈਕਸਟਾਈਲ ਦੇ ਗੇਟ 'ਤੇ ਧਰਨਾ ਲਾ ਕੇ ਬੈਠ ਗਏ। ਉਹਨਾਂ ਐਲਾਨ ਕੀਤਾ ਕਿ ਜਦੋਂ ਤੱਕ ਪ੍ਰੇਮਚੰਦ ਦੀ ਮੌਤ ਦਾ ਜ਼ਿੰਮੇਵਾਰ ਟੀ. ਐਸ. ਟੈਕਸਟਾਈਲ ਦਾ ਮਾਲਕ ਉਸਦੇ ਪਰਿਵਾਰ ਨੂੰ ਬਣਦਾ ਮੁਆਵਜਾ ਨਹੀਂ ਦੇ ਦਿੰਦਾ ਉਦੋਂ ਤੱਕ ਇਲਾਕੇ ਦਾ ਕੋਈ ਵੀ ਮਜ਼ਦੂਰ ਕੰਮ 'ਤੇ ਨਹੀਂ ਜਾਵੇਗਾ। ਆਪਣੀ ਜਮਾਤ ਦੇ ਹਿੱਤਾਂ ਪ੍ਰਤੀ ਮਜ਼ਦੂਰਾਂ ਦੀ ਇਹ ਚੇਤਨਾ ਬਹੁਤ ਅਹਿਮ ਹੈ ਜੋ ਆਉਣ ਵਾਲੇ ਸਮੇਂ ਵਿੱਚ ਲੁਧਿਆਣੇ ਦੇ ਸਨਅਤੀ ਮਜ਼ਦੂਰਾਂ ਦੀ ਲਹਿਰ ਵਿੱਚ ਅਹਿਮ ਯੋਗਦਾਨ ਪਾਏਗੀ।

5 ਜੂਨ ਨੂੰ ਸਵੇਰੇ ਕਾਰਖਾਨਾ ਮਜ਼ਦੂਰ ਯੂਨੀਅਨ ਦੀ ਅਗਵਾਈ ਵਿੱਚ ਹੀ ਇਲਾਕੇ ਦੇ ਮਜ਼ਦੂਰਾਂ ਨੇ ਹੜਤਾਲ ਕੀਤੀ ਅਤੇ ਮਾਲਕ ਨੂੰ ਝੁਕਾਇਆ। ਭਾਵੇਂ ਕਿ ਮਜ਼ਦੂਰਾਂ ਦੀ ਮੰਗ ਸੀ ਕਿ ਪ੍ਰੇਮਚੰਦ ਦੇ ਪਰਿਵਾਰ ਨੂੰ ਘੱਟੋ-ਘੱਟ ਪੰਜ ਲੱਖ ਰੁਪਏ ਮੁਆਵਜ਼ਾ ਮਿਲੇ। ਪਰ ਪਰਿਵਾਰ ਹੀ ਸਿੱਧੇ ਤੌਰ 'ਤੇ ਮਾਲਕ ਨਾਲ਼ ਮੁਆਵਜੇ ਦੀ ਗੱਲ ਕਰ ਰਿਹਾ ਸੀ। ਪਰਿਵਾਰ ਨੂੰ ਮਜ਼ਦੂਰ ਯੂਨੀਅਨ ਨੇ ਇਹ ਸੁਨੇਹਾ ਪਹੁੰਚਾ ਦਿੱਤਾ ਸੀ ਕਿ ਜਦੋਂ ਤੱਕ ਉਹਨਾਂ ਨੂੰ ਉਹਨਾਂ ਦੀ ਇੱਛਾ ਮੁਤਾਬਕ ਮੁਆਵਜਾ ਨਹੀਂ ਮਿਲ ਜਾਂਦਾ ਉਦੋਂ ਤੱਕ ਕੋਈ ਵੀ ਮਜ਼ਦੂਰ ਕੰਮ 'ਤੇ ਨਹੀਂ ਜਾਵੇਗਾ। ਪਰਿਵਾਰ ਨੂੰ ਇੱਕਜੁੱਟ ਮਜ਼ਦੂਰਾਂ ਦੇ ਮਿਲੇ ਸਾਥ ਨੇ ਹੌਂਸਲਾ ਦਿੱਤਾ। ਇਸਦਾ ਅਸਰ ਇਹ ਹੋਇਆ ਕਿ ਮਾਲਕ ਜੋ ਪਹਿਲਾਂ ਸਿਰਫ਼ ਵੀਹ ਹਜ਼ਾਰ ਮੁਆਵਜਾ ਹੀ ਦੇਣ ਦੀ ਗੱਲ ਕਹਿ ਰਿਹਾ ਸੀ ਹੁਣ ਦੋ ਲੱਖ ਦੇਣ ਲਈ ਝੁਕ ਗਿਆ। ਜੇ ਪਰਿਵਾਰ ਹੋਰ ਅੜਿਆ ਰਹਿੰਦਾ ਤਾਂ ਹੋਰ ਮੁਆਵਜਾ ਹਾਸਿਲ ਕੀਤਾ ਜਾ ਸਕਦਾ ਸੀ। ਖੈਰ, ਇੱਕਜੁੱਟ ਮਜ਼ਦੂਰਾਂ ਦੀ ਰੋਹਪੂਰਨ ਆਵਾਜ਼ ਨੇ ਕਾਰਖਾਨਾ ਮਾਲਕ ਨੂੰ ਝੁਕਣ ਲਈ ਮਜਬੂਰ ਕਰ ਦਿੱਤਾ। ਇਹ ਮਜ਼ਦੂਰਾਂ ਦੀ ਛੋਟੀ ਹੀ ਸਹੀ ਪਰ ਮਹੱਤਵਪੂਰਨ ਜਿੱਤ ਹੈ। ♦